113

-194-

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ
ਪੁੱਡਾ ਭਵਨ, ਸੈਕਟਰ-62, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਸੇਵਾ ਵਿਖੇ

1. ਮੁੱਖ ਪ੍ਰਸ਼ਾਸਕ
   ਗਮਾਡਾ, ਐਸ.ਏ.ਐਸ ਨਗਰ।
2. ਮੁੱਖ ਪ੍ਰਸ਼ਾਸਕ ,
   ਗਲਾਡਾ, ਲੁਧਿਆਣਾ।
3. ਮੁੱਖ ਪ੍ਰਸ਼ਾਸਕ,
   ਪੀ.ਡੀ.ਏ, ਪਟਿਆਲਾ।
4. ਮੁੱਖ ਪ੍ਰਸ਼ਾਸਕ,
   ਜੇ.ਡੀ.ਏ, ਜਲੰਧਰ।
5. ਮੁੱਖ ਪ੍ਰਸ਼ਾਸਕ,
   ਏ.ਡੀ.ਏ, ਅੰਮ੍ਰਿਤਸਰ।
6. ਮੁੱਖ ਪ੍ਰਸ਼ਾਸਕ ,
   ਬੀ.ਡੀ.ਏ, ਬਠਿੰਡਾ।

ਮੀਮੋ ਨੰ. ਪੁੱਡਾ-ਪਾਲਿਸੀ/ਸ-3/2015/ 29494-99
ਮਿਤੀ : 31/12/15

ਵਿਸ਼ਾ : ਰਿਹਾਇਸ਼ੀ/ ਕਮਰਸ਼ੀਅਲ/ਇੰਸਟੀਟਿਊਸ਼ਨਲ ਅਤੇ ਚੰਕ ਸਾਈਟਾਂ ਨੂੰ ਬੋਲੀ ਰਾਹੀਂ ਵੇਚਣ ਸਬੰਧੀ ਨਿਰਧਾਰਤ ਕੀਤੀ ਯੋਗਤਾ ਫੀਸ ਵਿੱਚ ਸੋਧ ਕਰਨ ਬਾਰੇ।

ਪੁੱਡਾ ਦੀ ਵਿੱਤ ਅਤੇ ਲੇਖਾ ਕਮੇਟੀ ਦੀ 70ਵੀਂ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਰਿਹਾਇਸ਼ੀ/ ਕਮਰਸ਼ੀਅਲ/ਇੰਸਟੀਟਿਊਸ਼ਨਲ ਅਤੇ ਚੰਕ ਸਾਈਆਂ ਨੂੰ ਬੋਲੀ ਰਾਹੀ ਵੇਚਣ ਸਬੰਧੀ ਫਿਕਸ ਕੀਤੀ ਯੋਗਤਾ ਫੀਸ ਵਸੂਲਣ ਸਮੇਂ ਕੁਝ ਮੁਸ਼ਕਿਲਾਂ ਪੇਸ਼ ਆ ਰਹੀਆਂ ਸਨ। ਜਿਵੇਂਕਿ ਬੂਥਾਂ ਆਦਿ ਦੇ ਕਈ ਕੇਸਾ ਵਿੱਚ ਯੋਗਤਾ ਫੀਸ 1.00 ਲੱਖ ਰੁਪਏ ਫਿਕਸ ਸੀ ਅਤੇ ਰਿਜਰਵ ਕੀਮਤ ਦੇ ਲਿਹਾਜ ਨਾਲ ਇਹ ਰਕਮ 10% ਕੀਮਤ ਜੋਕਿ ਰਖੋੜੇ ਦੀ ਚੋਟ ਤੇ ਵਸੂਲੀ ਜਾਦੀ ਹੈ, ਤੋਂ ਵੀ ਵੱਧ ਜਾਂਦੀ ਸੀ। ਇਸ ਤਰ੍ਹਾਂ ਰਿਹਾਇਸ਼ੀ ਪਲਾਟਾਂ ਵਿੱਚ ਵੀ ਜਿਥੇ ਕਿਤੇ ਪਲਾਟਾਂ ਦੀ ਰਿਜਰਵ ਕੀਮਤ ਘੱਟ ਹੁੰਦੀ ਹੈ ਉਥੇ ਵੀ ਅਜਿਹੀ ਮੁਸ਼ਕਿਲ ਪੇਸ਼ ਆਉਂਦੀ ਸੀ।

ਉਪਰੋਕਤ ਸਥਿਤੀ ਦੇ ਸਨਮੁੱਖ ਇਹ ਫੈਸਲਾ ਕੀਤਾ ਗਿਆ ਹੈ ਕਿ ਰਿਹਾਇਸ਼ੀ /ਕਮਰਸ਼ੀਅਲ, ਇੰਸਟੀਚਿਊਸ਼ਨਲ ਅਤੇ ਚੰਕ ਸਾਈਟਾ ਨੂੰ ਵੇਚਣ ਲਈ ਯੋਗਤਾ ਫੀਸ ਕੁੱਲ ਰਿਜਰਵ ਕੀਮਤ ਤੋਂ 10%

ਪਰਤੋ ਜੀ

-195

ਤੋਂ ਘੱਟ ਰੱਖੀ ਜਾਵੇ । ਇਸ ਤਰਾਂ ਇਹ ਯੋਗਤਾ ਫੀਸ ਹੇਠ ਅਨੁਸਾਰ ਨਿਸ਼ਚਿਤ ਕੀਤੀ ਗਈ ਹੈ:-

| ਲੜੀ ਨੰ. | ਕੈਟਾਗਰੀ | ਸਟੇਸ਼ਨ | ਯੋਗਤਾ ਫੀਸ |
|---|---|---|---|
| 1. | ਰਿਹਾਇਸ਼ੀ ਪਲਾਟ | (ੳ) ਐਸ.ਏ.ਐਸ.ਨਗਰ ਲੁਧਿਆਣਾ ਜਲੰਧਰ ਅੰਮ੍ਰਿਤਸਰ ਪਟਿਆਲਾ ਬਠਿੰਡਾ<br><br>(ਅ) ਉਪਰੋਕਤ ਤੋਂ ਇਲਾਵਾ ਹੋਰ ਸਟੇਸ਼ਨਾਂ ਲਈ | 2,50,000/-ਰੁ.<br><br>1,50,000/-ਰੁ. |
| 2. | ਬੂਥ/ਸਿੰਗਲ ਸਟੋਰੀ ਸ਼ਾਪਸ | ਸਾਰੇ ਸਟੇਸ਼ਨਾਂ ਲਈ | i) 50,000/-ਰੁ. ਜਿਥੇ ਰਿਜਰਵ ਕੀਮਤ 10.00 ਲੱਖ ਰੁ. ਤੱਕ ਹੈ।<br>ii) 1,00,000/-ਰੁ. ਜਿਥੇ ਰਿਜ਼ਰਵ ਕੀਮਤ 10.00 ਲੱਖ ਰੁ. ਤੋ ਵੱਧ ਹੈ। |
| 3. | SCO/SCF/Hotel/Site/Nursing Home Sites/Group Housing Sites/School Sites and Chunk Sites | ਸਾਰੇ ਸਟੇਸ਼ਨਾਂ ਲਈ | ਕੁੱਲ ਰਿਜ਼ਰਵ ਕੀਮਤ ਦਾ 2% ਜਾਂ ਰੁਪਏ 3.00 ਲੱਖ ਰੁਪਏ ਜੋ ਵੀ ਜਿਆਦਾ ਹੋਵੇ। |

ਇਹ ਹਦਾਇਤਾਂ ਪੁੱਡਾ ਦੀ ਵਿੱਤ ਅਤੇ ਲੇਖਾ ਕਮੇਟੀ ਦੀ 72ਵੀਂ ਮੀਟਿੰਗ ਵਿੱਚ ਮੱਦ ਨੰ: 72.05 ਰਾਂਹੀ ਲਏ ਫੈਸਲੇ, ਕਾਰਜਕਾਰੀ ਕਮੇਟੀ ਵਲੋਂ ਮੱਦ ਨੰ: 12.04 ਰਾਂਹੀ ਹੋਈ ਪ੍ਰਵਾਨਗੀ ਅਤੇ ਪੁੱਡਾ ਅਥਾਰਟੀ ਵਲੋਂ ਮੱਦ ਨੰ: 53.13 ਰਾਂਹੀ ਹੋਈ ਰੈਟੀਫਿਕੇਸ਼ਨ/ਪ੍ਰਵਾਨਗੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

ਅਮਲਾ ਅਫਸਰ (ਪਾਲਿਸੀ)
ਵਾਸਤੇ ਮੁੱਖ ਪ੍ਰਸ਼ਾਸਕ
30-12-15

ਪਿੱਠ ਅੰਕਣ ਨੰ: 29500-501 ਮਿਤੀ 31/12/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਮੁੱਖ ਪ੍ਰਸ਼ਾਸਕ (ਪ੍ਰੋਜੈਕਟ), ਪੁੱਡਾ ਐਸ.ਏ.ਐਸ ਨਗਰ।
2. ਮੁੱਖ ਲੇਖਾ ਅਫਸਰ, ਪੁੱਡਾ ਐਸ.ਏ.ਐਸ ਨਗਰ।

ਅਮਲਾ ਅਫਸਰ (ਪਾਲਿਸੀ)
ਵਾਸਤੇ ਮੁੱਖ ਪ੍ਰਸ਼ਾਸਕ
12.15